## ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲਾ ਪ੍ਰਾਪਤ ਕਰਨ ਲਈ ਜਰੂਰੀ ਯੋਗਤਾਵਾਂ

1. ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਲਈ ਜਾਂਦੀ ਮੈਟ੍ਰਿਕ ਦੀ ਪ੍ਰੀਖਿਆਂ ਦੇ ਰਹੇ ਵਿਦਿਆਰਥੀ ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲਾ ਪ੍ਰਾਪਤ ਕਰਨ ਲਈ ਯੋਗ ਹਨ।
2. ਦਸ਼ਮੇਸ਼ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਬਾਦਲ, ਤਲਵੰਡੀ ਸਾਬੋ (ਬਠਿੰਡਾ), ਕੋਟਲਾ ਸੁਲਤਾਨਾ (ਅਮ੍ਰਿੰਤਸਰ) ਅਤੇ ਆਦਰਸ਼ ਅਤੇ ਮਾਡਲ ਸਕੂਲ ਜਿਹੜੇ ਕਿ PSEB/PPP ਮੋਡ ਅਧੀਨ ਆਉਂਦੇ ਹਨ, ਸਕੂਲਾਂ ਦੇ ਮੈਟ੍ਰਿਕ ਦੀ ਪ੍ਰੀਖਿਆ ਦੇ ਰਹੇ ਵਿਦਿਆਰਥੀ ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲਾ ਪ੍ਰਾਪਤ ਕਰਨ ਲਈ ਯੋਗ ਹਨ।
3. ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਉਨ੍ਹਾਂ ਲਈ ਰਾਖਵੀਆਂ 10% ਸੀਟਾਂ ਵਿਰੁੱਧ ਅਪਲਾਈ ਕਰ ਸਕਦੇ ਹਨ, ਜੇਕਰ ਉਨ੍ਹਾਂ ਕੋਲ ਆਟਾ-ਦਾਲ ਸਕੀਮ/ਸਮਾਰਟ ਕਾਰਡ ਦੇ ਦਸਤਾਵੇਜੀ ਸਬੂਤ ਹੋਣ, ਉਹ ਵਿਦਿਆਰਥੀ ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲਾ ਪ੍ਰਾਪਤ ਕਰਨ ਲਈ ਯੋਗ ਹਨ।
4. 11ਵੀਂ ਜਮਾਤ ਲਈ SC/ST ਕੈਟਾਗਿਰੀ ਲਈ ਪਿਛਲੇ ਅਕਾਦਮਿਕ ਸੈਸ਼ਨ ਦੀ 10ਵੀਂ ਜਮਾਤ ਵਿੱਚੋਂ 65% ਅਤੇ ਹੋਰ ਕੈਟਾਗਿਰੀਆਂ ਲਈ 70% ਅੰਕ ਪ੍ਰਾਪਤ ਕਰਨੇ ਲਾਜਮੀ ਹਨ।
5. 9ਵੀਂ ਜਮਾਤ ਵਿੱਚ ਦਾਖਲਾ ਕੇਵਲ ਮੈਰੀਟੋਰੀਅਸ ਸਕੂਲ ਤਲਵਾੜਾ ਵਿਖੇ ਪ੍ਰਵਾਨਤ 50 ਸੀਟਾਂ (ਕੇਵਲ ਲੜਕੀਆਂ ਲਈ) ਲਈ ਹੋਵੇਗਾ। 9ਵੀਂ ਜਮਾਤ ਵਿੱਚ ਦਾਖਲਾ ਪ੍ਰਾਪਤ ਕਰਨ ਲਈ ਘੱਟੋ-ਘੱਟ ਯੋਗਤਾ ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਆਉਂਦੇ ਕੇਵਲ ਸਰਕਾਰੀ ਸਕੂਲ ਵਿੱਚੋਂ 8ਵੀਂ ਜਮਾਤ ਦੀ ਪ੍ਰੀਖਿਆ ਪਾਸ ਕੀਤੀ ਹੋਣਾ ਜਰੂਰੀ ਹੈ।